# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ)
ਪੰਜਾਬ।

ਪੱਤਰ ਨੰ. ਸਟੇਨੋ ਡੀ.ਡੀ.ਐਸ.ਏ./ਸਪੈਸ਼ਲ-1
ਮਿਤੀ : 22.04.13

**ਵਿਸ਼ਾ:- ਰੈਸ਼ਨੇਲਾਈਜ਼ੇਸ਼ਨ ਸਬੰਧੀ ਹਦਾਇਤਾਂ।**

1 ਰੈਸ਼ਨੇਲਾਈਜੇਸ਼ਨ ਕਰਨ ਸਮੇਂ ਹੇਠ ਲਿਖੀਆ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ।

2 ਸਾਇੰਸ ਅਤੇ ਕਾਮਰਸ ਗਰੁੱਪ ਦੀ ਰੈਸ਼ਨੇਲਾਈਜ਼ੇਸ਼ਨ ਪਹਿਲਾ ਕੀਤੀ ਜਾਵੇ ਅਤੇ ਮਿਤੀ 25.04.13 ਤੱਕ ਜਿਲ੍ਹਾ ਪੱਧਰ ਤੇ ਇਸ ਸਬੰਧੀ ਤਜ਼ਵੀਜ ਬਣਾਈ ਜਾਵੇ ਅਤੇ ਮਿਤੀ 26.04.13 ਨੂੰ ਡੀ.ਪੀ.ਆਈ. ਦਫਤਰ ਨੂੰ ਭੇਜੀ ਜਾਵੇ। ਹੇਠ ਲਿਖੀਆ ਗੱਲਾਂ ਵੱਲ ਧਿਆਨ ਦਿੱਤਾ ਜਾਵੇ:-

(ੳ) ਸਾਇੰਸ ਗਰੁੱਪ ਵਾਲੇ ਸਕੂਲਾਂ ਵਿੱਚ ਆਰਟਸ ਵਿਸ਼ੇ ਵਿਚ ਮੈਥ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਅਤੇ ਸਾਇੰਸ ਗਰੁੱਪ ਵਾਲੇ ਵਿੱਦਿਆਰਥੀਆਂ ਦੀ ਗਿਣਤੀ ਮਿਤੀ 20-04-13 ਅਤੇ ਕੇਵਲ ਆਰਟਸ ਗਰੁੱਪ ਵਾਲੇ ਸਕੂਲਾਂ ਵਿੱਚ ਮਿਤੀ 30-09-12 ਦੀ ਵਿਦਿਆਰਥੀਆਂ ਦੀ ਗਿਣਤੀ ਲਈ ਜਾਵੇਗੀ।

(ਅ) ਜੇਕਰ ਮੁੰਡੇ/ਕੁੜੀਆਂ ਦੋਨਾ ਪਾਸੇ ਗਰੁੱਪ ਚੱਲਣ ਦੀ ਸੰਭਾਵਨਾ ਹੋਵੇ ਤਾਂ ਮੁੰਡਿਆ ਦੇ ਸਕੂਲ ਨੂੰ ਤਰਹੀਜ ਦੇਣੀ ਹੈ।

(ੲ) ਜੇਕਰ ਕਿਸੇ ਸਕੂਲ ਵਿਚ ਸਾਇੰਸ/ਕਮਰਸ ਗਰੁੱਪ ਦਾ ਲੈਕ. ਤੈਨਾਤ ਹੈ ਪਰ ਉਸ ਸਕੂਲ ਵਿੱਚ ਉਸਦੇ ਗਰੁੱਪ ਦਾ ਕੋਈ ਵਿਦਿਆਰਥੀ ਨਹੀ ਹੈ ਤਾਂ ਉਸ ਨੂੰ ਹੇਠਲੀਆਂ ਕਲਾਸਾ ਦੇ ਉਸ ਦੇ ਬਣਦੇ ਪੀਰੀਅਡ ਦੇਣ ਨਾਲ ਅਗਰ ਹੇਠਾ ਕਿਸੇ ਵਿਸ਼ੇ ਦੀ ਮਾਸਟਰ ਕੇਡਰ ਦੀ ਪੋਸਟ ਸਰਪਲਸ ਹੁੰਦੀ ਹੋਵੇ ਤਾ ਉਸ ਪੋਸਟ ਤੇ ਕੰਮ ਕਰਦੇ ਅਧਿਆਪਕ ਨੂੰ ਤਾ ਸਿਫਟ ਕਰ ਦਿੱਤਾ ਜਾਵੇ ਪਰ ਉਸਦੀ ਪੋਸਟ ਨਾ ਸਿਫਟ ਕੀਤੀ ਜਾਵੇ। ਇਹ ਪੋਸਟ ਉਸ ਲੈਕ ਨਾਲ ਭਰੀ ਸਮਝੀ ਜਾਵੇ। ਖਾਲੀ ਥਾਵਾਂ ਦੀ ਸੂਚੀ ਵਿੱਚ ਉਹ ਪੋਸਟ ਖਾਲੀ ਵਿਖਾਈ ਜਾਵੇ ਪਰ ਵਿਸ਼ੇਸ ਕਥਨ ਵਿਚ ਦਰਜ ਕਰ ਦਿੱਤਾ ਜਾਵੇ ਕਿ ਇਸ ਪੋਸਟ ਦੇ ਖਿਲਾਫ ਲੈਕਚਰਾਰ ਕੰਮ ਕਰ ਰਿਹਾ ਹੈ।

(ਸ) ਜੇਕਰ ਸਕੂਲ ਵਿੱਚ ਕਿਸੇ ਵਿਸ਼ੇ ਦੇ ਲੈਕਚਰਾਰ ਦੀ ਮੰਨਜੂਰ ਪੋਸਟ ਖਾਲੀ ਪਈ ਹੈ ਅਤੇ ਉਹ ਵਿਸ਼ਾ ਸਕੂਲ ਵਿੱਚ ਚੱਲ ਰਿਹਾ ਹੈ ਤਾਂ ਇਸ ਵਿਸ਼ੇ ਦੇ ਪੀਰੀਅਡ ਵੀ ਕਿਸੇ ਹੋਰ ਵਿਸ਼ੇ ਦੇ ਲੈਕਚਰਾਰ ਨੂੰ ਦਿੱਤੇ ਜਾ ਸਕਦੇ ਹਨ,ਪਰ ਇੱਥੇ ਇਸ ਗੱਲ ਦਾ ਖਿਆਲ ਰੱਖਿਆ ਜਾਵੇ ਕਿ ਭਾਸ਼ਾ ਅਤੇ ਸ਼ੋਸ਼ਲ ਸਾਇੰਸ (ਅਰਥਸ਼ਾਸ਼ਤਰ/ ਰਾਜਨੀਤੀ ਸ਼ਾਸ਼ਤਰ/

ਇਤਿਹਾਸ/ ਸਮਾਜ ਸ਼ਾਸ਼ਤਰ) ਦੇ ਵਿਸ਼ੇ ਸ਼ੋਸ਼ਲ ਸਾਇੰਸ ਵਾਲੇ ਲੈਕਚਰਾਰ ਨੂੰ ਅਤੇ ਸਾਇੰਸ (ਫਿਜਿਕਸ/ ਕਮਿਸਟਰੀ/ ਬਾਇਓ./ ਮੈਥ) ਦੇ ਵਿਸ਼ੇ ਸਾਇੰਸ ਵਾਲੇ ਲੈਕਚਰਾਰ ਜਾਂ ਐੱਮ.ਐੱਸ.ਸੀ. ਦੀ ਯੋਗਤਾ ਰੱਖਣ ਵਾਲੇ ਅਧਿਆਪਕਾਂ ਨੂੰ ਦਿੱਤੇ ਜਾਣ। ਜੇ ਕੋਈ ਲੈਕਚਰਾਰ ਆਪਣੇ ਵਿਸ਼ੇ ਤੋਂ ਬਿਨਾਂ ਕਿਸੇ ਹੋਰ ਵਿਸ਼ੇ ਦੀ ਵੀ ਪੋਸਟ ਗਰੈਜੂਏਟ ਯੋਗਤਾ ਰੱਖਦਾ ਹੈ ਤਾਂ ਉਸ ਨੂੰ ਉਸ ਵਿਸ਼ੇ ਦੇ ਵੀ ਪੀਰੀਅਡ ਦਿੱਤੇ ਜਾ ਸਕਦੇ ਹਨ ਬਸ਼ਰਤੇ ਕਿ ਉਹ ਵਿਸ਼ਾ ਸਕੂਲ ਵਿੱਚ ਚੱਲਦਾ ਹੋਵੇ ਤੇ ਉਸ ਵਿਸ਼ੇ ਦੀ ਪੋਸਟ ਖਾਲੀ ਹੋਵੇ।

(ਹ) ਜਿਲ੍ਹਾ ਪੱਧਰ ਤੇ ਬਣਾਈ ਗਈ ਤਿੰਨ ਮੈਬਰੀ ਕਮੇਟੀ ਜਿਸ ਵਿੱਚ ਜਿਲ੍ਹਾ ਸਿੱਖਿਆ ਅਫਸਰ (ਸੈ), ਡੀ.ਐੱਸ.ਐੱਸ. ਅਤੇ ਇਕ ਪ੍ਰਿੰਸੀਪਲ ਮੈਬਰ ਹੋਣਗੇ, ਦੁਆਰਾ ਸਾਇੰਸ ਅਤੇ ਕਾਮਰਸ ਦੀ ਰੈਸ਼ਨੇਲਾਈਜੇਸ਼ਨ ਦੀ ਪੜਤਾਲ ਕੀਤੀ ਜਾਵੇਗੀ ਅਤੇ ਨਾਲ ਨੱਥੀ ਪ੍ਰਫਾਰਮਿਆਂ S1, S2, C1 ਅਤੇ C2 ਅਨੁਸਾਰ ਪੜਤਾਲ ਕਰਨ ਉਪਰੰਤ ਗਰੁੱਪ ਸ਼ਿਫਟਿੰਗ ਦੀ ਤਜ਼ਵੀਜ ਬਣਾਉਣਗੇ।

2 ਸਾਇੰਸ ਅਤੇ ਕਾਮਰਸ ਦੀ ਰੈਸ਼ਨੇਲਾਈਜ਼ੇਸ਼ਨ ਤੋਂ ਬਾਅਦ ਹੇਠ ਲਿਖੇ ਅਨੁਸਾਰ ਬਾਕੀ ਵਿਸ਼ਿਆਂ ਦੀ ਰੈਸਨੇਲਾਈਜ਼ੇਸ਼ਨ ਕੀਤੀ ਜਾਵੇ:-

(ੳ) ਸਾਰੇ ਸਕੂਲ ਮੁੱਖੀ ਲੋੜੀਦੇ (G1 ਤੋਂ G8) ਪ੍ਰਫੋਰਮੇ ਭਰ ਕੇ ਤਹਿਸੀਲ ਪੱਧਰ ਤੇ ਜਿਲ੍ਹਾ ਸਿੱਖਿਆ ਅਫਸਰ (ਸੈ) ਦੁਆਰਾ ਨਿਧਾਰਤ ਕਿਸੇ ਪ੍ਰਿੰਸੀਪਲ ਜਾਂ ਅਧਿਕਾਰਤ ਅਧਿਕਾਰੀ ਨੂੰ ਚੈੱਕ ਕਰਵਾਉਣਗੇ।

(ਅ) ਤਹਿਸੀਲ ਪੱਧਰ ਤੇ ਬਣੀ ਕਮੇਟੀ ਰੈਸ਼ਨੇਲਾਈਜ਼ੇਸ਼ਨ ਚੈੱਕ ਕਰਨ ਉਪਰੰਤ ਨਿਰਧਾਰਤ ਵਿਸ਼ੇਵਾਰ ਪ੍ਰਫਾਰਮਿਆਂ ਵਿੱਚ ਹਰੇਕ ਸਕੂਲ ਦਾ ਇੰਦਰਾਜ਼ ਕਰਵਾਏਗੀ ਅਤੇ ਹਾਰਡ/ਸਾਫਟ ਕਾਪੀ ਜਿਲ੍ਹਾ ਪੱਧਰ ਤੇ ਜਮ੍ਹਾਂ ਕਰਵਾਏਗੀ।

(ੲ) ਜਿਲ੍ਹਾ ਪੱਧਰ ਤੇ ਜਿਲ੍ਹਾ ਸਿੱਖਿਆ ਅਫਸਰ (ਸੈ) ਸਾਰੀਆਂ ਤਹਿਸੀਲਾਂ ਦੀ ਸੂਚਨਾਂ ਇਕੱਠੀ ਕਰਕੇ ਨਿਰਧਾਰਤ ਵਿਸ਼ੇਵਾਰ ਪ੍ਰਫਾਰਮਿਆਂ ਵਿੱਚ ਇੰਦਰਾਜ ਕਰਵਾਉਣਗੇ ਜਿਸ ਦੀ ਹਾਰਡ/ਸਾਫਟ ਕਾਪੀ ਸਬੰਧਤ ਮੰਡਲ ਸਿੱਖਿਆ ਅਫਸਰ ਨੂੰ ਦੇਣਗੇ।

3 ਮੰਡਲ ਸਿੱਖਿਆ ਅਫਸਰ ਲੋੜੀਦੀਆਂ ਕਮੇਟੀਆਂ ਬਣਾ ਕੇ ਇਸ ਰੈਸਨੇਲਾਈਜ਼ੇਸ਼ਨ ਨੂੰ ਮਿਤੀ 05.05.13 ਤੱਕ ਚੈੱਕ ਕਰਕੇ ਸਾਰੀ ਸੂਚਨਾਂ ਹਾਰਡ/ਸਾਫਟ ਕਾਪੀ ਮਿਤੀ 07.05.13 ਨੂੰ ਦਫਤਰ ਡੀ.ਪੀ.ਆਈ. (ਸੈ) ਵਿਖੇ ਦੇਣਗੇ।

4 ਜਿਲ੍ਹਾ ਸਿੱਖਿਆ ਅਫਸਰ (ਸੈ) ਸਾਇੰਸ ਅਤੇ ਕਾਮਰਸ ਵਿਸ਼ੇ ਦੀ ਰੈਸ਼ਨੇਲਾਈਜ਼ੇਸ਼ਨ ਮਿਤੀ 25.04.13 ਤੱਕ ਹਰ ਹਾਲਤ ਵਿੱਚ ਮੁਕੰਮਲ ਕਰਕੇ ਦਫਤਰ ਡੀ.ਪੀ.ਆਈ. (ਸੈ) ਵਿਖੇ ਦੇਣਗੇ।

5 ਜੇਕਰ ਸਕੂਲ ਦੀ ਸਥਿਤੀ ਕਾਰਨ ਪਾਲਸੀ ਲਾਗੂ ਕਰਨ ਵਿੱਚ ਮੁਸ਼ਕਿਲ ਆ ਰਹੀ ਹੋਵੇ ਤਾਂ ਸਕੂਲ ਮੁੱਖੀ ਇਸ ਬਾਰੇ ਤੁਰੰਤ ਜਿਲ੍ਹਾ ਸਿੱਖਿਆ ਅਫਸਰ (ਸੈ) ਨੂੰ ਸੂਚਿਤ ਕਰਨਗੇ। ਜਿਸ ਤੇ ਜਿਲ੍ਹਾ ਸਿੱਖਿਆ ਅਫਸਰ (ਸੈ) ਮੁੱਖ ਦਫਤਰ ਤੋਂ ਅਗਵਾਈ ਲੈਕੇ ਲੋੜੀਦੀ ਕਾਰਵਾਈ ਕਰਨਗੇ।

6 ਵੋਕੇਸ਼ਨਲ ਗਰੁੱਪ/ਨਾਨ-ਟੀਚਿੰਗ ਸਟਾਫ ਦੀ ਰੈਸਨੇਲਾਈਜ਼ੇਸ਼ਨ ਵੀ ਕੀਤੀ ਜਾਣੀ ਹੈ। ਜਿਸ ਸਬੰਧੀ ਹਦਾਇਤਾਂ ਬਾਅਦ ਵਿੱਚ ਜਾਰੀ ਕੀਤੀਆ ਜਾਣਗੀਆਂ।

**ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ)**
**ਪੰਜਾਬ।**